# SURREY
# POLICE SERVICE

## ਸਰੀ ਪੁਲੀਸ ਸਰਵਿਸ
## 2021 ਵਿਚ ਕਮਿਊਨਟੀ ਨਾਲ ਸਲਾਹ-ਮਸ਼ਵਰੇ
## ਪ੍ਰਬੰਧਕੀ ਸੰਖੇਪ

ਸੁਰੱਖਿਅਤ. ਮਜ਼ਬੂਤ. ਇਕੱਠੇ.

## ਪ੍ਰੋਜੈਕਟ ਦਾ ਉਦੇਸ਼

ਜੂਨ ਤੋਂ ਅਕਤੂਬਰ 2021 ਤੱਕ, ਸਰੀ ਪੁਲੀਸ ਸਰਵਿਸਿਜ਼ (ਐੱਸ ਪੀ ਐੱਸ) ਨੇ ਕਮਿਊਨਟੀ ਦੀ ਪੁਲੀਸ ਦਾ ਮਾਡਲ ਤਿਆਰ ਕਰਨ ਲਈ ਅਤੇ ਐੱਸ ਪੀ ਐੱਸ ਦੀ ਪਹਿਲੀ ਯੋਜਨਾਬੱਧ ਪਲੈਨ ਬਣਾਉਣ ਵਾਸਤੇ ਬੁਨਿਆਦ ਪ੍ਰਦਾਨ ਕਰਨ ਲਈ ਕਮਿਊਨਟੀ ਨਾਲ ਸਲਾਹ-ਮਸ਼ਵਰੇ ਦਾ ਤਿੰਨ-ਹਿੱਸਿਆਂ ਵਾਲਾ ਪ੍ਰੋਜੈਕਟ ਸ਼ੁਰੂ ਕੀਤਾ ਸੀ।

ਇਸ ਪ੍ਰੋਜੈਕਟ ਵਿਚ ਸਰਵੇ, ਇੰਟਰਵਿਊਆਂ ਅਤੇ ਫੋਕਸ ਗਰੁੱਪ ਸ਼ਾਮਲ ਸਨ, ਜਿਸ ਦਾ ਟੀਚਾ ਹਿੱਤ ਰੱਖਣ ਵਾਲੀਆਂ ਉਨ੍ਹਾਂ ਵੱਖ ਵੱਖ ਧਿਰਾਂ ਤੋਂ ਜਾਣਕਾਰੀ ਇਕੱਠੀ ਕਰਨਾ ਸੀ ਜਿਹੜੀਆਂ ਸਰੀ ਵਿਚ ਰਹਿੰਦੀਆਂ ਅਤੇ ਕੰਮ ਕਰਦੀਆਂ ਹਨ। ਤਿੰਨ ਹਿੱਸੇ ਵੱਖ ਵੱਖ ਗਰੁੱਪਾਂ ਦੇ ਮੌਜੂਦਾ ਤਜਰਬਿਆਂ, ਇਸ ਵੇਲੇ ਸਰੀ ਦੇ ਸਾਮ੍ਹਣੇ ਆ ਰਹੀਆਂ ਚੁਣੌਤੀਆਂ ਅਤੇ ਮੌਕਿਆਂ, ਅਤੇ ਇਹ ਸਮਝਣ ਵਿਚ ਐੱਸ ਪੀ ਐੱਸ ਦੀ ਮਦਦ ਕਰਨ ਲਈ ਨਿਰੱਪਖ ਖੋਜ ਮਾਹਰਾਂ (ਡਾਕਟਰ ਕਰਟ ਗਰਿਫਿਥਸ ਅਤੇ ਡਾਕਟਰ ਈਲਾਈ ਸੋਪੋਆ) ਵਲੋਂ ਤਿਆਰ ਕੀਤੇ ਗਏ ਸਨ ਕਿ ਸਰਵਿਸ ਦੇਣ ਵਿਚ ਸੁਧਾਰ ਕਿਵੇਂ ਕਰਨਾ ਹੈ ਅਤੇ ਕਮਿਊਨਟੀ ਵਿਚ ਸਾਰੇ ਵਸਨੀਕਾਂ ਲਈ ਸੁਰੱਖਿਆ ਅਤੇ ਜ਼ਿੰਦਗੀ ਦੀ ਕੁਆਲਟੀ ਵਿਚ ਸੁਧਾਰ ਕਿਵੇਂ ਕਰਨਾ ਹੈ।

ਕਮਿਊਨਟੀ ਨਾਲ ਸਲਾਹ-ਮਸ਼ਵਰੇ ਦੌਰਾਨ ਇਕੱਠੀ ਕੀਤੀ ਗਈ ਸਾਮੱਗਰੀ, ਐੱਸ ਪੀ ਐੱਸ ਦੀ ਯੋਜਾਨਬੰਦ ਪਲੈਨਿੰਗ ਦੇ ਕਾਰਜ ਵਿਚ ਅਤੇ ਵਿਭਾਗੀ ਨੀਤੀਆਂ ਅਤੇ ਕਾਰਜਕਾਰੀ ਜੁਗਤਾਂ ਤਿਆਰ ਕਰਨ ਵਿਚ ਮਦਦ ਕਰੇਗੀ। ਇਹ ਪ੍ਰੋਜੈਕਟ ਐੱਸ ਪੀ ਐੱਸ ਦੀ ਇਹ ਯਕੀਨੀ ਬਣਾਉਣ ਦੀ ਵਚਨਬੱਧਤਾ ਦਾ ਇਕ ਹਿੱਸਾ ਹੈ ਕਿ ਦਿਲਚਸਪੀ ਰੱਖਦੀਆਂ ਅਤੇ ਪ੍ਰਭਾਵਿਤ ਧਿਰਾਂ ਪਹਿਲੇ ਦਿਨ ਤੋਂ ਹੀ ਕਮਿਊਨਟੀ ਪੁਲੀਸਿੰਗ ਮਾਡਲ ਦਾ ਲਾਜ਼ਮੀ ਹਿੱਸਾ ਹਨ।

## ਪ੍ਰੋਜੈਕਟ ਦਾ ਤਰੀਕਾ

ਇਹ ਸਲਾਹ-ਮਸ਼ਵਰਾ ਇਕ ਦੂਜੇ ਨਾਲ ਸੰਬੰਧਿਤ ਤਿੰਨ ਹਿੱਸਿਆਂ ਵਾਲਾ ਹੈ:

1. ਸਰੀ ਦੇ 1,000 ਵਸਨੀਕਾਂ ਦਾ ਇਕ ਔਨਲਾਈਨ ਲੋਕ ਰਾਇ ਲੈਣ ਵਾਲਾ ਸਰਵੇ ਜੋ ਕਿ ਡਾਕਟਰ ਈਲਾਈ ਸੋਪੋਆ ਵਲੋਂ ਤਿਆਰ ਕੀਤਾ ਗਿਆ ਅਤੇ ਪਰਖਿਆ ਗਿਆ ਸੀ ਅਤੇ ਇਨਸਾਈਟਸ ਵੈੱਸਟ ਮਾਰਕੀਟ ਰੀਸਰਚ ਵਲੋਂ ਕੀਤਾ ਗਿਆ ਸੀ;
2. ਕਮਿਊਨਟੀ ਦੇ 106 ਮੈਂਬਰਾਂ ਨਾਲ ਇਕੱਲੇ ਇਕੱਲੇ ਨਾਲ ਇੰਟਰਵਿਊਆਂ;
3. ਕਮਿਊਨਟੀ ਵਿਚਲੇ ਗਰੁੱਪਾਂ ਦੇ 100 ਤੋਂ ਵੱਧ ਨੁਮਾਇੰਦਿਆਂ ਨਾਲ ਬਾਰਾਂ ਫੋਕਸ ਗਰੁੱਪ।

## ਲੋਕ ਰਾਇ ਲੈਣ ਵਾਲਾ ਸਰਵੇ

ਜੁਲਾਈ 2021 ਵਿਚ, ਐੱਸ ਪੀ ਐੱਸ ਨੇ ਸਰੀ ਦੇ ਵਸਨੀਕਾਂ ਦੀ ਲੋਕ ਰਾਇ ਲੈਣ ਵਾਲਾ ਸਰਵੇ ਕੀਤਾ। ਸਰਵੇ ਵਿਚ ਸਰੀ ਦੇ ਛੇ ਕਮਿਊਨਟੀ ਸੈਂਟਰਾਂ (ਵੈਲੀ, ਗਿਲਫਰਡ, ਫਲੀਟਵੁੱਡ, ਨਿਊਟਨ, ਕਲੋਵਰਡੇਲ, ਸਾਊਥ ਸਰੀ) ਵਿਚ 1,000 ਵਸੀਨਕਾਂ ਨੂੰ ਸ਼ਾਮਲ ਕੀਤਾ ਗਿਆ ਸੀ, ਅਤੇ ਵੰਡ ਕਮਿਊਨਟੀ ਸੈਂਟਰ, ਉਮਰ, ਲਿੰਗ, ਅਤੇ ਨਸਲ ਮੁਤਾਬਕ ਕੀਤੀ ਗਈ ਸੀ ਜਿਸ ਵਿਚ ਆਦਿਵਾਸੀ ਲੋਕਾਂ ਦੀ ਸ਼ਮੂਲੀਅਤ ਵੀ ਸ਼ਾਮਲ ਸੀ। ਨਮੂਨੇ ਦਾ ਸਾਈਜ਼ ਅੰਕੜਿਆਂ ਮੁਤਾਬਕ ਸਰੀ ਦੀ ਸਾਰੀ ਆਬਾਦੀ ਲਈ, 20 ਵਿੱਚੋਂ 19 ਵਾਰੀ, +/- 3.4% ਦੀ ਗਲਤੀ ਦੀ ਗੁੰਜਾਇਸ਼ ਨਾਲ ਸਹੀ ਹੈ।

ਸਰਵੇ ਨੇ ਵਸਨੀਕਾਂ ਨੂੰ ਇਹ ਪੁੱਛਿਆ ਕਿ ਉਹ ਆਮ ਪੁਲੀਸ ਸੇਵਾਵਾਂ ਦੀਆਂ 15 ਤਰਜੀਹਾਂ, ਜੁਰਮਾਂ ਤੋਂ ਪੀੜਿਤਾਂ ਦੇ ਪੱਧਰਾਂ, ਪਿਛਲੇ ਸਾਲ ਵਿਚ ਪੁਲੀਸ ਨਾਲ ਸੰਪਰਕ, ਪਿਛਲੇ ਤਿੰਨ ਸਾਲਾਂ ਦੌਰਾਨ ਖਾਸ ਜੁਰਮਾਂ ਦੇ ਸਪਸ਼ਟ ਨਮੂਨਿਆਂ, ਅਤੇ ਪੁਲੀਸ ਅਫਸਰ ਦੀ ਭਿੰਨਤਾ ਅਤੇ ਜੈਂਡਰ ਬਾਰੇ ਲੋਕ ਰਾਇ ਨੂੰ ਦਰਜਾ ਦੇਣ। ਇਸ ਦੇ ਇਲਾਵਾ, ਵਸਨੀਕਾਂ ਨੇ ਪੁਲੀਸ ਵਲੋਂ ਸਰੀਰ ਉੱਪਰ ਕੈਮਰੇ ਲਗਾਏ ਜਾਣ ਦੀ ਹਿਮਾਇਤ ਦਾ ਆਪਣਾ ਪੱਧਰ, ਨਵੇਂ ਸਰੀ ਪੁਲੀਸ ਬੋਰਡ ਦੀ ਮਹੱਤਤਾ ਬਾਰੇ ਦੱਸਿਆ ਅਤੇ ਇਹ ਦੱਸਿਆ ਕਿ ਆਉਂਦੇ ਸਾਲ ਵਿਚ ਸਰੀ ਪੁਲੀਸ ਉੱਪਰ ਸਭ ਤੋਂ ਵੱਡੇ ਅਸਰ ਕਿਹੜੇ ਹੋਣਗੇ।

SURREY POLICE SERVICE

## ਇੰਟਰਵਿਊਆਂ

ਕਮਿਊਨਟੀ ਵਿਚਲੀਆਂ ਦਿਲਚਸਪੀ ਰੱਖਦੀਆਂ ਅਤੇ ਪ੍ਰਭਾਵਿਤ ਵੱਖ ਵੱਖ ਧਿਰਾਂ ਨਾਲ ਇੰਟਰਵਿਊਆਂ ਕੀਤੀਆਂ ਗਈਆਂ ਸਨ। ਜਿਨ੍ਹਾਂ ਵਿਅਕਤੀਆਂ ਨਾਲ ਇੰਟਰਵਿਊਆਂ ਕੀਤੀਆਂ ਗਈਆਂ ਸਨ, ਉਨ੍ਹਾਂ ਵਿਚ, ਪ੍ਰਾਈਵੇਟ ਸੈਕਟਰ ਵਿਚਲੇ ਵਿਅਕਤੀ, ਸੂਬਾਈ ਅਤੇ ਮਿਊਂਨਿਸਪਲ ਸਰਕਾਰਾਂ, ਉਹ ਸੰਸਥਾਵਾਂ ਜਿਹੜੀਆਂ ਰਿਹਾਇਸ਼ੀ ਚੁਣੌਤੀਆਂ, ਖਾਣਿਆਂ ਦੀ ਸੁਰੱਖਿਆ, ਮਾਨਸਿਕ ਸਿਹਤ ਅਤੇ ਨਸ਼ਿਆਂ ਦਾ ਸਾਮ੍ਹਣਾ ਕਰ ਰਹੇ ਵਿਅਕਤੀਆਂ ਦੀ ਰਿਹਾਇਸ਼ ਅਤੇ ਮਦਦ ’ਤੇ ਧਿਆਨ ਕੇਂਦਰਿਤ ਕਰਦੀਆਂ ਹਨ, ਸਕੂਲਾਂ ਦੇ ਅਧਿਕਾਰੀ, ਧਾਰਮਿਕ ਲੀਡਰ, ਆਦਿਵਾਸੀ ਲੀਡਰ, ਐੱਲ ਜੀ ਬੀ ਟੀ ਕਿਊ2ਐੱਸ+ ਭਾਈਚਾਰਾ, ਜੁਰਮਾਂ ਦੀ ਰੋਕਥਾਮ ਕਰਨ ਵਿਚ ਸ਼ਾਮਲ ਸੰਸਥਾਵਾਂ ਅਤੇ ਕਮਜ਼ੋਰ ਅਤੇ ਖਤਰੇ ਵਿਚਲੇ ਵਿਅਕਤੀਆਂ ਨਾਲ ਕੰਮ ਕਰਨ ਵਾਲੇ ਵਿਅਕਤੀ ਅਤੇ ਉਹ ਲੋਕ ਸ਼ਾਮਲ ਹਨ ਜਿਹੜੇ ਕੈਦ ਕੱਟਣ ਤੋਂ ਬਾਅਦ ਕਮਿਊਨਟੀ ਵਿਚ ਮੁੜ ਕੇ ਪ੍ਰਵੇਸ਼ ਕਰ ਰਹੇ ਹਨ।

ਯੂਨੀਵਰਸਿਟੀ ਆਧਾਰਿਤ ਖੋਜੀਆਂ ਦੀ ਇਕ ਟੀਮ ਦੀ ਅਗਵਾਈ ਸਾਈਮਨ ਫਰੇਜ਼ਰ ਯੂਨੀਵਰਸਿਟੀ (ਸਰੀ ਕੈਂਪਸ) ਤੋਂ ਡਾਕਟਰ ਕਰਟ ਟੀ. ਗਰਿਫਿਥਸ ਨੇ ਕੀਤੀ ਸੀ ਅਤੇ ਇਸ ਦੀ ਮਦਦ ਐੱਸ ਪੀ ਐੱਸ ਦੇ ਸਟਾਫ ਨੇ ਕੀਤੀ। ਇੰਟਰਵਿਊਆਂ ਨੂੰ ਤਿੰਨ ਹਿੱਸਿਆਂ ਵਿਚ ਵੰਡਿਆ ਗਿਆ ਸੀ: 1) ਇੰਟਰਵਿਊ ਦੇਣ ਵਾਲੇ ਅਤੇ ਉਸ ਦੀ ਸੰਸਥਾ ਦਾ ਪਿਛੋਕੜ, ਤਜਰਬਾ, ਅਤੇ ਰੋਲ; 2) ਸਰੀ ਵਿਚ ਕਮਿਊਨਟੀ ਸੁਰੱਖਿਆ ਅਤੇ ਭਲਾਈ ਦੀਆਂ ਮੌਜੂਦਾ ਚੁਣੌਤੀਆਂ ਦੀ ਸਮਝ ਅਤੇ ਇਨ੍ਹਾਂ ਦਾ ਹੱਲ ਕਿਵੇਂ ਕਰਨਾ ਹੈ, ਅਤੇ ਜੁਰਮ ਅਤੇ ਸੁਰੱਖਿਆ ਬਾਰੇ ਧਾਰਨਾਵਾਂ; ਅਤੇ, 3) ਐੱਸ ਪੀ ਐੱਸ ਨੂੰ ਸਰੀ ਦੀ ਨਿਗਰਾਨੀ ਕਿਵੇਂ ਕਰਨੀ ਚਾਹੀਦੀ ਹੈ ਅਤੇ ਕਮਿਊਨਟੀ ਨੂੰ ਅਸਰਦਾਰ ਤਰੀਕੇ ਨਾਲ ਕਿਵੇਂ ਸ਼ਾਮਲ ਕਰਨਾ ਚਾਹੀਦਾ ਹੈ।

## ਫੋਕਸ ਗਰੁੱਪ

ਫੋਕਸ ਗਰੁੱਪ ਸੈਸ਼ਨ ਕਮਿਊਨਟੀ ਵਿਚ 12 ਗਰੁੱਪਾਂ ਨਾਲ ਕੀਤੇ ਗਏ ਸਨ। ਗਰੁੱਪਾਂ ਵਿਚ ਹਿੱਤ ਰੱਖਣ ਵਾਲੀਆਂ ਵੱਖ ਵੱਖ ਸੰਸਥਾਵਾਂ ਸ਼ਾਮਲ ਸਨ, ਜਿਸ ਵਿਚ ਪ੍ਰਾਈਵੇਟ ਸੈਕਟਰ, ਬਜ਼ੁਰਗ, ਕਮਿਊਨਟੀ ਵਿਚਲੀਆਂ ਸਭਾਵਾਂ, ਵੱਖਰੇ ਤਰ੍ਹਾਂ ਯੋਗ ਲੋਕ, ਹਿਮਾਇਤੀ ਗਰੁੱਪ, ਐੱਲ ਜੀ ਬੀ ਟੀ ਕਿਊ2ਐੱਸ+ ਭਾਈਚਾਰਾ, ਅਤੇ ਖਤਰੇ ਵਿਚਲੇ ਜਵਾਨਾਂ, ਨਵੇਂ ਆਉਣ ਵਾਲਿਆਂ, ਕਮਜ਼ੋਰ ਅਤੇ ਖਤਰੇ ਵਿਚਲੇ ਵਿਅਕਤੀਆਂ, ਜਵਾਨਾਂ ਲਈ ਅਤੇ ਜੁਰਮਾਂ ਤੋਂ ਰੋਕਥਾਮ ਦੇ ਕਮਿਊਨਟੀ ਪ੍ਰੋਗਰਾਮ ਅਤੇ ਸੇਵਾਵਾਂ (ਹੋਰਨਾਂ ਵਿਚਕਾਰ) ਦੇਣ ਵਾਲੀਆਂ ਕਮਿਊਨਟੀ ਦੀਆਂ ਸੰਸਥਾਵਾਂ ਸ਼ਾਮਲ ਹਨ।

ਵਿਚਾਰ-ਵਟਾਂਦਰੇ ਦੇ ਵਿਸ਼ਿਆਂ ਵਿਚ ਇਹ ਸ਼ਾਮਲ ਸਨ, ਪਰ ਇਹ ਇਨ੍ਹਾਂ ਤੱਕ ਹੀ ਸੀਮਤ ਨਹੀਂ ਸਨ: 1) ਹਿੱਸਾ ਲੈਣ ਵਾਲਿਆਂ ਦੀਆਂ ਸਰੀ ਵਿਚ ਜ਼ਿੰਦਗੀ ਦੀ ਕੁਆਲਟੀ ਬਾਰੇ ਧਾਰਨਾਵਾਂ ਅਤੇ ਫਿਕਰ ਵਾਲੇ ਮੁੱਖ ਮਸਲੇ; 2) ਕਮਿਊਨਟੀ ਦੀ ਸੁਰੱਖਿਆ ਅਤੇ ਭਲਾਈ ਵਿਚ ਸੁਧਾਰ ਕਰਨ ਲਈ ਚੁਣੌਤੀਆਂ ਅਤੇ ਮੌਕੇ; 3) ਕਿਵੇਂ ਉਨ੍ਹਾਂ ਦੀ ਸੰਸਥਾ/ਏਜੰਸੀ ਅਤੇ ਹੋਰ ਅਤੇ ਐੱਸ ਪੀ ਐੱਸ ਇਨ੍ਹਾਂ ਦਾ ਸਭ ਤੋਂ ਬਿਹਤਰ ਹੱਲ ਕਰ ਸਕਦੇ ਹਨ; 4) ਜਾਰੀ ਰਹਿਣ ਵਾਲੀ ਪੁਲੀਸ-ਕਮਿਊਨਟੀ ਭਾਈਵਾਲੀ ਬਿਹਤਰ ਕਿਵੇਂ ਤਿਆਰ ਕਰਨੀ ਹੈ; 5) ਪੁਲੀਸ ਦੀਆਂ ਤਰਜੀਹਾਂ ਤੈਹ ਕਰਨ ਲਈ ਕਮਿਊਨਟੀ ਨੂੰ ਸ਼ਾਮਲ ਕਿਵੇਂ ਕੀਤਾ ਜਾ ਸਕਦਾ ਹੈ; ਅਤੇ, 6) ਪੁਲੀਸ-ਕਮਿਊਨਟੀ ਵਿਚਕਾਰ ਗੱਲਬਾਤ ਅਤੇ ਸੰਵਾਦ ਪੈਦਾ ਕਰਨ ਅਤੇ ਕਾਇਮ ਰੱਖਣ ਲਈ ਜੁਗਤਾਂ।

## ਮੁੱਖ ਸਿੱਟੇ

1. ਕਮਿਊਨਟੀ ਦੇ ਮੈਂਬਰਾਂ ਵਿਚ ਅਥਾਹ ਮੁਹਾਰਤ ਅਤੇ ਤਜਰਬਾ ਹੈ ਜਿਸ ਦੀ ਵਰਤੋਂ ਕਮਿਊਨਟੀ ਨੂੰ ਦਰਪੇਸ਼ ਚੁਣੌਤੀਆਂ ਦੇ ਸਮੁੱਚੇ, ਪੂਰੇ, ਆਧੁਨਿਕ ਜਵਾਬ ਤਿਆਰ ਕਰਨ ਲਈ ਕੀਤੀ ਜਾ ਸਕਦੀ ਹੈ।
2. ਕਮਿਊਨਟੀ ਪੋਲੀਸਿੰਗ ਮਾਡਲ ਲਈ ਵੱਡੀ ਹਿਮਾਇਤ ਹੈ ਅਤੇ ਇਸ ਨੂੰ ਲਾਗੂ ਕਰਨ ਅਤੇ ਚਾਲੂ ਕਰਨ ਵਿਚ ਸਰਗਰਮ ਰੋਲ ਨਿਭਾਉਣ ਦੀ ਵੱਡੀ ਖਾਹਸ਼ ਹੈ।
3. ਕਮਜ਼ੋਰ/ਖੂੰਝੇ ਲੱਗੇ/ਖਤਰੇ ਵਿਚਲੇ ਵਿਅਕਤੀਆਂ ਅਤੇ ਗਰੁੱਪਾਂ ਦੀਆਂ ਲੋੜਾਂ ਦਾ ਜਵਾਬ ਦੇਣ ਲਈ ਬਹੁ-ਖੇਤਰੀ ਉੱਦਮਾਂ ਵਿਚ ਐੱਸ ਪੀ ਐੱਸ ਦੀ ਭਾਈਵਾਲੀ ਲਈ ਤਕੜੀ ਹਿਮਾਇਤ ਹੈ।
4. ਇਨ੍ਹਾਂ ਲਈ ਤਕੜੀ ਹਿਮਾਇਤ ਹੈ::
    ਏ. ਸਰੀ ਸ਼ਹਿਰ ਇਕ ਕਮਿਊਨਟੀ ਸੇਫਟੀ ਐਂਡ ਵੈੱਲਬੀਇੰਗ ਪਲੈਨ ਤਿਆਰ ਕਰ ਰਿਹਾ ਹੈ ਜਿਹੜੀ ਕਮਿਊਨਟੀ ਦੀਆਂ ਮੌਜੂਦਾ ਅਤੇ ਭਵਿੱਖ ਦੀਆਂ ਲੋੜਾਂ ਦਾ ਹੱਲ ਕਰਨ ਵਿਚ ਬਹੁ-ਖੇਤਰੀ ਸਹਿਯੋਗ ਲਈ ਢਾਂਚਾ ਪ੍ਰਦਾਨ ਕਰੇਗਾ;
    ਬੀ. ਐੱਸ ਪੀ ਐੱਸ ਦੇ ਅਫਸਰਾਂ ਨੂੰ ਸਰੀਰ ਉੱਪਰ ਕੈਮਰਿਆਂ ਨਾਲ ਲੈਸ ਕੀਤਾ ਜਾ ਰਿਹਾ ਹੈ;
    ਸੀ. ਖਤਰੇ ਵਿਚਲੇ ਜਵਾਨਾਂ ਲਈ ਇਕ ਯੂਥ ਸਟਰੈਟਜੀ ਦੀ ਤਿਆਰੀ, ਅਤੇ ਇਕ ਐੱਸ ਪੀ ਐੱਸ ਸਕੂਲ ਰੀਸੋਰਸ ਔਫੀਸਰ ਪ੍ਰੋਗਰਾਮ ਜੋ ਕਿ ਹੋਰ ਇਲਾਕਿਆਂ ਵਿਚਲੇ ਸਭ ਤੋਂ ਬਿਹਤਰ ਪ੍ਰੋਗਰਾਮਾਂ ਤੋਂ ਜਾਣਕਾਰੀ ਲੈ ਕੇ ਅਤੇ ਸਰੀ ਦੇ ਸਕੂਲਾਂ ਅਤੇ ਵਿਦਿਆਰਥੀਆ ਦੀਆਂ ਲੋੜਾਂ ਮੁਤਾਬਕ ਤਿਆਰ ਕੀਤਾ ਗਿਆ ਹੈ;

ਡੀ. ਡਿਸਟ੍ਰਿਕਟਸ ਵਿਚ ਪੁਲੀਸ ਅਫਸਰਾਂ ਨਾਲ ਲੱਗੇ ਨੇਬਰਹੁੱਡ ਪਾਰਟਨਰਸ਼ਿਪ ਅਫਸਰਾਂ ਦੀ ਸਥਾਪਨਾ;

ਈ. ਇਕ ਅਰਥਭਰਪੂਰ ਐੱਸ ਪੀ ਐੱਸ ਡਾਇਵਰਸਟੀ ਅਡਵਾਈਜ਼ਰੀ ਕਮੇਟੀ;

ਐੱਫ. ਗੈਂਗ ਕਰਾਇਮ ਯੂਨਿਟ ਦੀ ਸਥਾਪਨਾ; ਅਤੇ,

ਜੀ. ਐੱਸ ਪੀ ਐੱਸ ਡਾਇਵਰਸਟੀ ਰੀਲੇਸ਼ਨਜ਼ ਯੂਨਿਟ ਬਣਾਉਣਾ ਅਤੇ, ਸੰਭਵ ਤੌਰ ’ਤੇ ਤਾਲਮੇਲ ਲਈ ਹੋਰ ਖਾਸ ਯੂਨਿਟ ਵੀ ਬਣਾਉਣਾ।

5. ਸਮੁੱਚੇ ਤੌਰ ’ਤੇ, ਸਰੀ ਦੇ ਵਸਨੀਕਾਂ ਨੇ ਅੱਗੇ ਦਿੱਤਿਆਂ ਨੂੰ ਪੁਲੀਸ ਦੀਆਂ ਸਭ ਤੋਂ ਉਪਰਲੀਆਂ ਤਰਜੀਹਾਂ ਦਾ ਦਰਜਾ ਦਿੱਤਾ ਹੈ: ਹਿੰਸਕ ਜੁਰਮ (91%), ਔਰਗੇਨਾਈਜ਼ਡ ਕਰਾਇਮ ਗੈਂਗ (88%), ਜ਼ਰੂਰੀ ਪੁਲੀਸ ਸੇਵਾਵਾਂ ਸਮੇਂ ਸਿਰ ਦਿੱਤੀਆਂ ਜਾਣ (86%), ਅਤੇ ਘਰੇਲੂ ਹਿੰਸਾ (78%)।
6. ਭਾਵੇਂ ਕਿ ਸਾਰੇ ਇਲਾਕਿਆਂ ਦੇ ਸਾਰੇ ਵਸਨੀਕਾਂ ਨੇ ਹਿੰਸਕ ਜੁਰਮਾਂ, ਸਮੇਂ ਸਿਰ ਪੁਲੀਸ ਸੇਵਾਵਾਂ, ਅਤੇ ਔਰਗੇਨਾਈਜ਼ਡ ਜੁਰਮ ਨੂੰ ਸਭ ਤੋਂ ਉਪਰਲੀਆਂ ਤਰਜੀਹਾਂ ਦਿੱਤੀਆਂ ਹਨ, ਫਿਰ ਵੀ ਉਮਰ, ਲਿੰਗ, ਪਿਛੋਕੜ, ਅਤੇ/ਜਾਂ ਟਾਊਨ ਸੈਂਟਰ ਦੇ ਸਥਾਨ ਨੇ ਪੁਲੀਸ ਦੀਆਂ ਹੋਰ ਤਰਜੀਹਾਂ ਦੇ ਦਰਜੇ ’ਤੇ ਮਹੱਤਵਪੂਰਨ ਅਸਰ ਪਾਇਆ ਹੈ ਜਿਵੇਂ ਕਿ ਬੇਘਰਪੁਣਾ, ਮਾਨਸਿਕ ਸਿਹਤ ਦੇ ਮਸਲੇ, ਅਤੇ ਇਕੱਲੇ ਤੁਰਨ ਵੇਲੇ ਸੁਰੱਖਿਆ ਦੀਆਂ ਭਾਵਨਾਵਾਂ।
7. ਸਰੀ ਦੇ ਪੁਲੀਸ ਅਫਸਰ ਲਈ ਸਭ ਤੋਂ ਮਜ਼ਬੂਤ ਕਸੌਟੀ, ਪੁਲੀਸ ਅਫਸਰ ਦੇ ਪ੍ਰੋਫਾਇਲ ਵਿਚ ਸਰੀ ਦੀ ਸਭਿਆਚਾਰਕ ਅਤੇ ਵੰਨ-ਸੁਵੰਨਤਾ ਦੀ ਨੁਮਾਇੰਦਗੀ ਹੋਣਾ ਹੈ (64%) ਅਤੇ ਅੰਗਰੇਜ਼ੀ ਦੇ ਇਲਾਵਾ ਕੋਈ ਹੋਰ ਜ਼ਬਾਨ ਬੇਅਟਕ ਬੋਲਦਾ ਹੋਣਾ ਹੈ (63%)।
8. ਇਸ ਉਮੀਦ ਨਾਲ ਸਰੀ ਪੁਲੀਸ ਬੋਰਡ ਲਈ ਬਹੁਤ ਹੀ ਮਜ਼ਬੂਤ ਹਿਮਾਇਤ ਸੀ (79%) ਕਿ ਬੋਰਡ ਸਪਸ਼ਟ ਜਵਾਬਦੇਹੀ ਅਤੇ ਗੱਲਬਾਤ ਪ੍ਰਦਾਨ ਕਰੇਗਾ, ਅਤੇ ਇਸ ਵਿਚ ਸਥਾਨਕ ਯੋਗਦਾਨ ਨੂੰ ਯਕੀਨੀ ਬਣਾਏਗਾ ਕਿ ਐੱਸ ਪੀ ਐੱਸ ਕਮਿਊਨਟੀ ਦੀ ਨਿਗਰਾਨੀ ਕਿਵੇਂ ਕਰਦੀ ਹੈ।
9. ਸਰਵੇ ਦਾ ਜਵਾਬ ਦੇਣ ਵਾਲਿਆਂ ਨੇ ਇਹ ਅੰਦਾਜ਼ਾ ਲਗਾਇਆ ਕਿ ਅਗਲੇ ਸਾਲ ਵਿਚ ਅੱਗੇ ਦਿੱਤਿਆਂ ਦਾ ਲੋਕਾਂ ਦੀ ਸੁਰੱਖਿਆ ਉੱਪਰ ਵੱਡਾ ਅਸਰ ਪਵੇਗਾ: ਔਰਗੇਨਾਈਜ਼ਡ ਜੁਰਮ/ਗੈਂਗ (67%), ਗੈਰਕਾਨੂੰਨੀ ਨਸ਼ਿਆਂ ਦੀ ਵਿਕਰੀ (57%), ਅਤੇ ਵਧ ਰਹੀ ਆਬਾਦੀ (50%)।

## ਸਿਫਾਰਸ਼ਾਂ

1) ਐੱਸ ਪੀ ਐੱਸ ਦੇ ਅਮਲੇ ਨੂੰ ਸਰੀ ਦੀ ਵੰਨ-ਸੁਵੰਨਤਾ ਦਾ ਅਕਸ ਦਿਖਾਉਣਾ ਚਾਹੀਦਾ ਹੈ, ਇਹ ਪੱਕਾ ਕਰਦੇ ਹੋਏ ਕਿ ਸਾਰੇ ਅਫਸਰਾਂ ਕੋਲ ਕਮਿਊਨਟੀ ਵਿਚ ਪੁਲੀਸ ਦੀ ਸਰਵਿਸ ਦੇਣ ਦੇ ਮਾਡਲ ਵਿਚ ਅਸਰਦਾਰ ਹੋਣ ਲਈ ਲਾਜ਼ਮੀ ਯੋਗਤਾ ਹੈ।
2) ਐੱਸ ਪੀ ਐੱਸ, ਹਾਜ਼ਰ ਰਹਿ ਕੇ, ਦਿਖਾਈ ਦੇ ਕੇ, ਸਰਗਰਮ ਹੋ ਕੇ, ਅਤੇ ਇਕ ਚੰਗਾ ਹਿੱਸੇਦਾਰ ਬਣ ਕੇ ਕਮਿਊਨਟੀ ਦਾ ਭਰੋਸਾ ਹਾਸਲ ਕਰ ਸਕਦੀ ਹੈ।
3) ਦਿਲਚਸਪੀ ਰੱਖਣ ਵਾਲੇ ਅਤੇ ਪ੍ਰਭਾਵਿਤ ਗਰੁੱਪਾਂ ਨਾਲ ਹਿੱਸੇਦਾਰੀ ਬਣਾਉਣ ਅਤੇ ਕਾਇਮ ਰੱਖਣ ਲਈ ਐੱਸ ਪੀ ਐੱਸ ਨੂੰ ਪਾਰਦਰਸ਼ਤਾ ਨੂੰ ਯਕੀਨੀ ਬਣਾਉਣ ਵਾਸਤੇ ਅਤੇ ਕਮਿਊਨਟੀ ਨੂੰ ਆਪਣੀਆਂ ਤਰਜੀਹਾਂ, ਸਰਗਰਮੀਆਂ, ਅਤੇ ਨਤੀਜਿਆਂ ਬਾਰੇ ਜਾਣਕਾਰੀ ਦਿੰਦੇ ਰਹਿਣ ਲਈ ਇਕ ਸਮੁੱਚੀ, ਬਹੁ-ਪੱਖੀ ਸੰਪਰਕ ਜੁਗਤ ਤਿਆਰ ਕਰਨੀ ਚਾਹੀਦੀ ਹੈ।
4) ਐੱਸ ਪੀ ਐੱਸ ਨੂੰ ਕਮਿਊਨਟੀ ਸੇਫਟੀ ਔਫੀਸਰ ਪ੍ਰੋਗਰਾਮ ਜਾਂ ਸਪੈਸ਼ਲ ਮਿਊਂਨਿਸਪਲ ਕਨਸਟੇਬਲ ਪ੍ਰੋਗਰਾਮ ਬਣਾਉਣਾ ਚਾਹੀਦਾ ਹੈ।
5) ਕਮਿਊਨਟੀ ਦੇ ਵਸਨੀਕਾਂ ਨਾਲ ਅਸਰਦਾਰ ਤਰੀਕੇ ਨਾਲ ਕੰਮ ਕਰਨ ਲਈ ਐੱਸ ਪੀ ਐੱਸ ਦੇ ਅਫਸਰਾਂ ਕੋਲ ਲਾਜ਼ਮੀ ਹੁਨਰ ਅਤੇ ਯੋਗਤਾਵਾਂ ਹੋਣਾ ਜ਼ਰੂਰੀ ਹੈ, ਜਿਸ ਵਿਚ ਵੱਖ ਵੱਖ ਭਾਈਚਾਰੇ, ਆਦਿਵਾਸੀ ਲੋਕ ਅਤੇ ਨਵੇਂ ਆਉਣ ਵਾਲੇ ਸ਼ਾਮਲ ਹਨ।
6) ਐੱਸ ਪੀ ਐੱਸ ਨੂੰ ਸਹੀ ਅਫਸਰ ਸਹੀ ਥਾਂਵਾਂ ’ਤੇ ਲਾਉਣ ਲਈ ਪੂਰੀ ਵਾਹ ਲਾਉਣੀ ਚਾਹੀਦੀ ਹੈ।
7) ਸਾਰੇ ਐੱਸ ਪੀ ਐੱਸ ਅਫਸਰ ਅਸੂਲਾਂ ਅਤੇ ਸਦਮੇ ਬਾਰੇ ਜਾਣਕਾਰੀ ਰੱਖਣ ਵਾਲੀ ਅਤੇ ਇਨਸਾਫ ਲਈ ਕਾਰਵਾਈ ਵਾਲੀ ਪੁਲੀਸਿੰਗ ਨੂੰ ਲਾਗੂ ਕਰਨ ਵਿਚ ਟਰੇਂਡ ਹੋਣੇ ਚਾਹੀਦੇ ਹਨ ਅਤੇ ਉਨ੍ਹਾਂ ਕੋਲ ਸਭਿਆਚਾਰਕ ਯੋਗਤਾਵਾਂ ਹੋਣੀਆਂ ਚਾਹੀਦੀਆਂ ਹਨ।
8) ਐੱਸ ਪੀ ਐੱਸ ਨੂੰ ਉਨ੍ਹਾਂ ਮੌਜੂਦਾ ਸੰਬੰਧਾਂ/ਹਿੱਸੇਦਾਰੀਆਂ/ਉੱਦਮਾਂ ਉੱਪਰ ਉਸਾਰੀ ਕਰਨੀ ਚਾਹੀਦੀ ਹੈ ਜਿਹੜੇ ਕਮਿਊਨਟੀ ਦੇ ਗਰੁੱਪਾਂ ਦੇ ਆਰ ਸੀ ਐੱਮ ਪੀ ਨਾਲ ਹਨ, ਇਹ ਪੱਕਾ ਕਰਦੇ ਹੋਏ ਕਿ ਇਹ ਸਬੂਤ-ਆਧਾਰਿਤ ਹਨ ਅਤੇ ਇਨ੍ਹਾਂ ਦੀਆਂ ਜੜ੍ਹਾਂ ਬਿਹਤਰ ਅਮਲਾਂ ਵਿਚ ਹਨ।
9) ਪੁਲੀਸ ਸੇਵਾਵਾਂ ਡੀ-ਸੈਂਟਰਲਾਈਜ਼ਡ, ਸਥਾਨਕ ਮਾਡਲ ਵਿਚ ਜ਼ਿਆਦਾ ਅਸਰਦਾਰ ਤਰੀਕੇ ਨਾਲ ਦਿੱਤੀਆਂ ਜਾਣਗੀਆਂ।
10) ਐੱਸ ਪੀ ਐੱਸ ਦੀ ਕਾਰਗੁਜ਼ਾਰੀ ਦਾ ਪਤਾ ਲਾਉਣ ਲਈ ਗੁਣਾਤਮਕ ਅਤੇ ਗਿਣਨਾਤਮਕ ਨਾਪ ਤੋਲ ਦੋਨੋਂ ਵਰਤੇ ਜਾਣੇ ਚਾਹੀਦੇ ਹਨ।
11) ਐੱਸ ਪੀ ਐੱਸ ਕੋਲ ਬਹੁਤ ਹੀ ਟਰੇਂਡ ਐਨਾਲਿਸਟਾਂ ਨਾਲ ਉੱਚ ਪੱਧਰ ਦਾ ਖੋਜ ਅਤੇ ਵਿਸ਼ਲੇਸ਼ਣ ਦਾ ਸੈਕਸ਼ਨ ਹੋਣਾ ਚਾਹੀਦਾ ਹੈ ਤਾਂ ਜੋ ਇਹ ਪੱਕਾ ਹੋਵੇ ਕਿ ਇਸ ਦੀਆਂ ਨੀਤੀਆਂ ਅਤੇ ਕੰਮ ਸਭ ਤੋਂ ਬਿਹਤਰ ਅਮਲ ਹਨ ਅਤੇ ਸਬੂਤਾਂ ’ਤੇ ਆਧਾਰਿਤ ਹਨ।
12) ਕਮਿਊਨਟੀ ਦੀਆਂ ਹਿੱਤ ਰੱਖਣ ਵਾਲੀਆਂ ਧਿਰਾਂ ਦੀ ਐੱਸ ਪੀ ਐੱਸ ਦੀ ਪਲੈਨਿੰਗ ਦੇ ਯੋਜਨਾਬੱਧ ਅਮਲ ਵਿਚ ਰਾਇ ਲਈ ਜਾਣੀ ਚਾਹੀਦੀ ਹੈ।
13) ਸਰੀ ਪੁਲੀਸ ਬੋਰਡ ਨੂੰ ਆਪਣੇ ਲਈ ਆਦੇਸ਼ ਅਤੇ ਸਰਗਰਮੀਆਂ ਬਾਰੇ ਕਮਿਊਨਟੀ ਨੂੰ ਜਾਣਕਾਰੀ ਦੇਣ ਲਈ ਸੰਚਾਰ ਦੀ ਇਕ ਮਜ਼ਬੂਤ ਜੁਗਤ ਤਿਆਰ ਕਰਨੀ ਚਾਹੀਦੀ ਹੈ।
14) ਸਲਾਹ-ਮਸ਼ਵਰੇ ਦੇ ਨਤੀਜੇ ਐੱਸ ਪੀ ਐੱਸ ਦੇ ਸਾਰੇ ਸਟਾਫ ਨੂੰ ਉਪਲਬਧ ਕਰਵਾਏ ਜਾਣੇ ਚਾਹੀਦੇ ਹਨ ਅਤੇ ਵੱਖ ਵੱਖ ਮੀਡੀਆ ਪਲੇਟਫਾਰਮਾਂ ਰਾਹੀਂ ਕਈ ਬੋਲੀਆਂ ਵਿਚ ਵੱਡੇ ਪੱਧਰ ’ਤੇ ਪ੍ਰਚਾਰੇ ਜਾਣੇ ਚਾਹੀਦੇ ਹਨ।

## ਅਗਲੇ ਕਦਮ

ਸਰੀ ਪੁਲੀਸ ਬੋਰਡ ਅਤੇ ਐੱਸ ਪੀ ਐੱਸ ਲੀਡਰਸ਼ਿਪ ਦੀ ਟੀਮ ਸਲਾਹ-ਮਸ਼ਵਰੇ ਦੇ ਇਸ ਕਾਰਜ ਦੇ ਨਤੀਜਿਆਂ ਦੀ ਵਰਤੋਂ ਸੰਸਥਾ ਦੀ ਪਹਿਲੀ ਯੋਜਨਾਬੱਧ ਪਲੈਨ ਬਣਾਉਣ ਲਈ ਕਰਨਗੇ। ਇਹ ਪਲੈਨ 2021 ਦੀ ਪੱਤਝੜ ਰੁੱਤੇ ਤਿਆਰ ਕੀਤੀ ਜਾਵੇਗੀ ਅਤੇ 2022 ਦੇ ਸ਼ੁਰੂ ਵਿਚ ਜਾਰੀ ਕੀਤੀ ਜਾਵੇਗੀ।

ਸਲਾਹ-ਮਸ਼ਵਰੇ ਦੇ ਇਸ ਪ੍ਰੋਜੈਕਟ ਦੌਰਾਨ ਮਿਲੇ ਬਹੁਤ ਸਾਰੇ ਵਿਚਾਰ, ਐੱਸ ਪੀ ਐੱਸ ਲਈ ਕਮਿਊਨਟੀ ਨੂੰ ਪੁਲੀਸ ਦੀਆਂ ਸੇਵਾਵਾਂ ਦੇਣ ਦਾ ਮਾਡਲ ਤਿਆਰ ਕਰਨ ਲਈ ਵੀ ਵਰਤੇ ਜਾਣਗੇ, ਜਿਹੜਾ ਉਦੋਂ ਚਾਲੂ ਹੋ ਜਾਵੇਗਾ ਜਦੋਂ ਐੱਸ ਪੀ ਐੱਸ, ਸਰੀ ਦੇ ਇਲਾਕੇ ਲਈ ਸਰਕਾਰੀ ਪੁਲੀਸ ਏਜੰਸੀ ਬਣ ਜਾਂਦੀ ਹੈ।

ਐੱਸ ਪੀ ਐੱਸ ਕਮਿਊਨਟੀ ਦੀ ਲਗਾਤਾਰ ਸ਼ਮੂਲੀਅਤ ਲਈ ਵਚਨਬੱਧ ਹੈ। ਕਮਿਊਨਟੀ ਪੁਲੀਸਿੰਗ ਬਿਊਰੋ ਦੇ ਵਧਣ ਨਾਲ, ਉਹ ਕਮਿਊਨਟੀ ਨਾਲ ਲੰਮੇ ਸਮੇਂ ਲਈ ਸੰਬੰਧ ਬਣਾਉਣਗੇ ਅਤੇ ਨਾਗਰਿਕਾਂ ਦੀਆਂ ਆਵਾਜ਼ਾਂ ਸੁਣੇ ਜਾਣ ਲਈ ਨਵੇਂ ਤਰੀਕੇ ਪੇਸ਼ ਕਰਨਗੇ। ਐੱਸ ਪੀ ਐੱਸ ਦੀ ਪਹੁੰਚ ਦਾ ਇਕ ਸਮੁੱਚਾ ਹਿੱਸਾ ਬਣਨ ਲਈ ਨਾਗਰਿਕ ਵੱਖ ਵੱਖ ਰੂਪਾਂ ਵਿਚ ਕਮਿਊਨਟੀ ਦੀ ਸ਼ਮੂਲੀਅਤ ਲਈ ਉਮੀਦ ਰੱਖ ਸਕਦੇ ਹਨ।

## ਪੂਰੀਆਂ ਰਿਪੋਰਟਾਂ

ਡਾਕਟਰ ਕਰਟ ਗਰਿਫਿਥਸ ਅਤੇ ਡਾਕਟਰ ਈਲਾਈ ਸੋਪੋਆ ਤੋਂ ਕਮਿਊਨਟੀ ਨਾਲ ਸਲਾਹ-ਮਸ਼ਵਰੇ ਦੀਆਂ ਪੂਰੀਆਂ ਰਿਪੋਰਟਾਂ ਐੱਸ ਪੀ ਐੱਸ ਦੇ ਵੈੱਬਸਾਈਟ ਉੱਪਰ ਉਪਲਬਧ ਹਨ: www.surreypolice.ca